2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇਕ** ਦੀ ਸਾਹਿਤਕ ਆਲੋਚਨਾ ਕਰੋ :

ਧੰਨ ਕਰਤਾਰ! ਨਾਰ ਜਿਸਨੇ ਬਣਾਇਆ ਤੈਨੂੰ,

ਤੇਰੇ ਮਾਪੇ ਧੰਨ ਅਤੇ ਸੌਹਰੇ ਅਪਾਰ ਨੀ।

ਧੰਨ ਸਾਕ ਸੱਜਣ ਸਹੇਲੀਆਂ ਸੁਹਾਗਣ ਤੀ,

ਭਾਗਵੰਤ ਆਪ ਤੋਂ ਅਨੋਖੀ ਸੌਖੀ ਨਾਰ ਨੀ।

ਧੰਨ ਓ ਨਗਰ ਉਜਾਗਰ ਸਦਾਇਆ ਪਿਆਰੀ।

ਧੰਨ ਤੇਰਾ ਟੱਬਰ ਸਮੇਤ ਪਰਵਾਰ ਨੀ।

ਧੰਨ ਦੇਸ਼ ਤੱਲਕਾ ਇਲਾਕਾ ਭਗਵਾਨ ਸਿੰਘਾ,

ਧੰਨ ਸਾਡੀ ਜੰਧਕ ਜਿਨ੍ਹ ਕੀਤਾ ਹੈ ਦੀਦਾਰ ਨੀ।

**ਜਾਂ**

ਮੀਮ ਮਿਲਣ ਆਈ ਮਾਤਾ ਇੱਛਰਾਂ ਦੇ, ਦੱਸੋ ਮੈਨੂੰ ਲੋਕੋ ਆਇਆ ਸਾਧ ਕੋਈ।

ਮੇਰੇ ਪੁੱਤਰ ਦਾ ਬਾਗ ਵੈਰਾਨ ਪਾਇਆ, ਫੇਰ ਲਗਾ ਹੈ ਕਰਨ ਆਬਾਦ ਕੋਈ।

ਮੈਂ ਵੀ ਲੈ ਆਵਾਂ ਦਾਰੂ ਅੱਖੀਆਂ ਦਾ, ਪੂਰਨ ਛਡ ਨਾ ਗਿਆ ਸੁਵਾਦ ਕੋਈ।

ਕਾਦਰਯਾਰ ਮੈਂ ਤਾਂ ਲੱਖ ਵਟਨੀ ਹਾਂ, ਦਾਰੂ ਦੇਇ ਫ਼ਕੀਰ ਮੁਰਾਦ ਕੋਈ।

10

3. 'ਆਲਣੇ ਦੇ ਬੋਟ' ਕਹਾਣੀ ਦਾ ਵਿਸ਼ਾ ਸਪੱਸ਼ਟ ਕਰੋ।

**ਜਾਂ**

'ਜੀਨਤ ਆਪਾ' ਕਹਾਣੀ ਦੇ ਪਾਤਰਾਂ ਨਾਲ ਜਾਣ ਪਹਿਚਾਣ ਕਰਵਾਓ। 10

4. 'ਸ਼ੇਰਨੀਆਂ' ਕਹਾਣੀ ਦੀ ਸਾਹਿਤਕ ਆਲੋਚਨਾ ਕਰੋ।

**ਜਾਂ**

'ਸੱਗੀ ਫੁੱਲ' ਕਹਾਣੀ ਦੀ ਸਾਹਿਤਕ ਆਲੋਚਨਾ ਕਰੋ। 10

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੇਵਲ **ਪੰਜ** ਦੇ ਉੱਤਰ **ਤਿੰਨ-ਚਾਰ** ਸਤਰਾਂ ਵਿੱਚ ਦਿਓ :

(i) ਗੋਈ ਕਹਾਣੀ ਦੇ ਅੰਤ ਵਿੱਚ ਕਿਹੜੀ ਘਟਨਾ ਵਾਪਰਦੀ ਹੈ ?

(ii) ਕੁੜੀਆਂ ਸਾਈਕਲ ਕਿਉਂ ਸਿੱਖ ਰਹੀਆਂ ਸਨ ?

(iii) ਚੰਨਣ ਦਾ ਚਰਿੱਤਰ ਚਿਤਰਣ ਕਰੋ।

(iv) ਜੀਨਤ ਦਾ ਪਤੀ ਕਿਹੋ ਜਿਹਾ ਸੀ ?

(v) ਮੁਨੋ ਨੇ ਵਿਆਹ ਉੱਤੇ ਜਾਣ ਲਈ ਕਿਸ ਤਰ੍ਹਾਂ ਦੀ ਤਿਆਰੀ ਕੀਤੀ ?

(vi) ਬਚਨ ਤੇ ਤੀਰਥ ਬੱਸ ਵਿੱਚ ਕਿਸ ਤਰ੍ਹਾਂ ਮਾਰੇ ਗਏ ?

(vii) ਆਹੂਜੇ ਦੀ ਮਾਂ ਦੇ ਅੰਤਿਮ ਸੰਸਕਾਰ ਬਾਰੇ ਕਹਾਣੀ ਵਿੱਚੋਂ ਕੀ ਜਾਣਕਾਰੀ ਮਿਲਦੀ ਹੈ ? 10

6. **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ :

(i) ਚੱਠਿਆਂ ਦੀ ਵਾਰ ਕਿਸਨੇ ਲਿਖੀ ? ਇਸ ਬਾਰੇ ਸੰਖੇਪ ਵਿੱਚ ਲਿਖੋ।

(ii) ਪੰਡਿਤ ਸ਼ਰਧਾਰਾਮ ਫ਼ਿਲੌਰੀ ਦੀ ਕਿਸੇ ਰਚਨਾ ਦਾ ਨਾਂ ਲਿਖੋ ਅਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ।

(iii) ਮੱਧਕਾਲ ਦੇ ਰਹਿਤਨਾਮਿਆਂ ਦੇ ਨਾਂ ਲਿਖੋ।

(iv) ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਲਿਖੋ।

(v) ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਬਾਰੇ ਆਪਣੇ ਵਿਚਾਰ ਲਿਖੋ।

(vi) ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਕਦ ਹੋਈ ? ਸਿੰਘ ਸਭਾ ਬਾਰੇ ਸੰਖੇਪ ਵਿੱਚ ਆਪਣੇ ਵਿਚਾਰ ਦਿਓ। 20

7. ਸਾਹਿਤ ਅਤੇ ਸਮਾਜ ਜਾਂ ਸਾਹਿਤ ਅਤੇ ਸ਼ਖਸ਼ੀਅਤ ਉੱਤੇ ਨੋਟ ਲਿਖੋ। 10

8. ਉਪਭਾਸ਼ਾ ਕੀ ਹੁੰਦੀ ਹੈ ?

**ਜਾਂ**

ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਸਪੱਸ਼ਟ ਕਰੋ। 10